# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 14 ਜੂਨ 2026 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਆਕਸਫੋਰਡ ਦੇ ਵਿਦਿਆਰਥੀਆਂ ਦਾ ਸ਼ਿਮਲਾ ਤੇ ਕੁਫਰੀ ਦਾ ਮਨੋਰੰਜਨਦਾਇਕ ਟੂਰ

ਟਿੰਕੂ ਕੁਮਾਰ



ਕੋਟਕਪੂਰਾ/ਫਰੀਦਕੋਟ, 14 ਜੂਨ : ਦਾ ਆਕਸਫ਼ੋਰਡ ਸਕੂਲ ਆਫ ਐਜੂਕੇਸ਼ਨ, ਇੱਕ ਅਜਿਹੀ ਵਿੱਦਿਅਕ ਸੰਸਥਾ ਹੈ, ਜੋ ਵਿਦਿਆਰਥੀਆਂ ਦੇ ਬੌਧਿਕ ਅਤੇ ਮਾਨਸਿਕ ਪੱਧਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਰਹਿੰਦੀ ਹੈ। ਇਸ ਯਤਨ ਦੇ ਤਹਿਤ ਹੀ ਇਹ ਸੰਸਥਾ ਵੱਲੋਂ ਵਿਦਿਆਰਥੀਆਂ ਲਈ ਜੂਨ ਦੀਆਂ ਛੁੱਟੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਇੱਕ ਟੂਰ ਉਲੀਕਿਆ ਗਿਆ। ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਜੀ ਦੀ ਅਗਵਾਈ ਵਿੱਚ 104 ਵਿਦਿਆਰਥੀ, 7 ਅਧਿਆਪਕਾਂ ਅਤੇ ਇੱਕ ਗਾਈਡ ਸਮੇਤ ਸਕੂਲ ਕੈਂਪਸ ਵਿੱਚੋਂ ਰਵਾਨਾ ਹੋਏ। ਇਹ ਟੂਰ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਲਿਜਾਇਆ ਗਿਆ। ਇਸ ਸਮੇਂ ਸ਼ਿਮਲਾ ਅਤੇ ਕੁਫਰੀ ਵਰਗੇ ਰਮਣੀਕ ਅਤੇ ਠੰਡੇ ਸਥਾਨ 'ਤੇ ਜਾਣ ਕਾਰਨ ਵਿਦਿਆਰਥੀ ਬੜੇ ਉਤਸ਼ਾਹਿਤ ਨਜ਼ਰ ਆ ਰਹੇ ਸਨ। ਵਿਦਿਆਰਥੀਆਂ ਨੇ ਸ਼ਿਮਲਾ ਪਹੁੰਚ ਕੇ ਬਹੁਤ ਹੀ ਪੁਰਾਤਨ ਅਤੇ ਇਤਿਹਾਸਿਕ ਜਾਖੂ ਮੰਦਰ ਦੇ ਦਰਸ਼ਨ ਕੀਤੇ। ਵਿਦਿਆਰਥੀਆਂ ਨੇ ਸ਼ਿਮਲੇ ਵਿੱਚ ਲੱਕੜ ਬਾਜ਼ਾਰ ਅਤੇ ਮਾਲ ਰੋਡ ਦੀ ਰੌਣਕ ਦਾ ਆਨੰਦ ਵੀ ਮਾਣਿਆ। ਕੁਫਰੀ ਵਿੱਚ ਵਿਦਿਆਰਥੀਆਂ ਨੇ ਟਰੈਕਿੰਗ ਕਰਕੇ ਚਿੜੀਆ ਘਰ ਦੀ ਸੈਰ ਕੀਤੀ। ਇਥੇ ਵਿਦਿਆਰਥੀਆਂ ਨੇ ਭਿੰਨ ਭਿੰਨ ਬਨਸਪਤੀ ਅਤੇ ਜੰਗਲੀ ਜੀਵਾਂ ਦੀ ਜੀਵਨ ਬਾਰੇ ਜਾਣਕਾਰੀ ਵੀ ਇਕੱਤਰ ਕੀਤੀ। ਕੁਫਰੀ ਵਿੱਚ ਹਿੱਪ ਹਿੱਪ ਹੁਰੇ ਪਾਰਕ ਵਿੱਚ ਵੀ ਵਿਦਿਆਰਥੀਆਂ ਨੇ ਖੂਬ ਮਸਤੀ ਕੀਤੀ ਅਤੇ ਐਡਵੈਂਚਰ ਕਿਰਿਆਵਾਂ ਵੀ ਕੀਤੀਆਂ। ਪੰਚਕੁਲਾ ਦੀ ਢਾਣੀ ਵਿੱਚ ਪਹੁੰਚ ਕੇ ਤਾਂ ਵਿਦਿਆਰਥੀਆਂ ਦੇ ਪੈਰ ਥੱਲੇ ਨਹੀਂ ਸੀ ਲੱਗ ਰਹੇ। ਇੱਥੇ ਕੱਠਪੁਤਲੀਆਂ ਦਾ ਨਾਚ, ਰਾਜਸਥਾਨੀ ਨਾਚ, ਨਾਚ ਅਦਾਕਾਰਾਂ ਦੀਆਂ ਹੈਰਾਨੀਜਨਕ ਕਿਰਿਆਵਾਂ, ਹੱਥ ਦੀ ਸਫਾਈ-ਜਾਦੂ ਦਾ ਖੇਲ ਅਤੇ ਊਠ ਦੀ ਸਵਾਰੀ ਆਦਿ ਕਾਰਨ ਵਿਦਿਆਰਥੀ ਬੇਹੱਦ ਖੁਸ਼ ਨਜ਼ਰ ਆ ਰਹੇ ਸਨ। ਇੱਥੇ ਵਿਦਿਆਰਥੀਆਂ ਨੇ ਡਿਨਰ ਦੇ ਰੂਪ ਵਿੱਚ ਰਾਜਸਥਾਨੀ ਥਾਲੀ ਦਾ ਸਵਾਦ ਵੀ ਚੱਖਿਆ ਅਤੇ ਬੇਹੱਦ ਸਵਾਦਿਸ਼ਟ ਖਾਣੇ ਨੂੰ ਹਜਮ ਕਰਨ ਲਈ ਡੀ.ਜੇ. ਨਾਈਟ ਦਾ ਆਨੰਦ ਵੀ ਮਾਣਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਇਤਿਹਾਸਿਕ ਗੁਰਦੁਆਰਾ ਨਾਢਾ ਸਾਹਿਬ ਦੇ ਦਰਸ਼ਨ ਵੀ ਕਰਵਾਏ ਗਏ। ਇੱਥੇ ਵਿਦਿਆਰਥੀਆਂ ਨੂੰ ਲੰਗਰ ਹਾਲ ਵਿੱਚ ਸੇਵਾ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਸਕੂਲ ਵਾਪਸ ਪਹੁੰਚਣ ਤੇ ਵਿਦਿਆਰਥੀਆਂ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਰਾਜਵਿੰਦਰ ਸਿੰਘ ਸੋਢੀ (ਜਨਰਲ ਸਕੱਤਰ), ਗੁਰਮੀਤ ਸਿੰਘ ਗਿੱਲ (ਸਰਪੰਚ) ਅਤੇ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਸੀਂ ਆਪ ਜੀ ਦੇ ਯਤਨਾ ਸਦਕਾ ਹੀ ਇਸ ਟੂਰ ਦਾ ਆਨੰਦ ਮਾਣ ਸਕੇ ਹਾਂ। ਵਿਦਿਆਰਥੀਆਂ ਨੇ ਕਿਹਾ ਕਿ ਇਹ ਟੂਰ ਇੱਕ ਆਨੰਦ ਦਾਇਕ ਟੂਰ ਹੀ ਨਹੀਂ ਸੀ ਸਗੋਂ ਸਿੱਖਿਆ ਦਾਇਕ ਅਤੇ ਪੜ੍ਹਾਈ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕਰਨ ਦਾ ਉਪਰਾਲਾ ਵੀ ਸੀ ਕਿਉਂਕਿ ਵਿਦਿਆਰਥੀਆਂ ਨੇ ਪਹਾੜਾਂ ਦੀ ਮਿੱਟੀ ਅਤੇ ਉਥੋਂ ਦੀ ਬਨਸਪਤੀ ਬਾਰੇ ਵੀ ਆਪਣੇ ਅਧਿਆਪਕਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ ਸੀ।

## 'ਮਿਸ਼ਨ ਕਲੀਨ ਪੰਜਾਬ' ਤਹਿਤ ਲੁਧਿਆਣਾ ਪਹੁੰਚੇ ਹਰਜੋਤ ਸਿੰਘ ਬੈਂਸ, ਸਫ਼ਾਈ ਸੇਵਕਾਂ ਨਾਲ ਚਾਹ ਦਾ ਕੱਪ ਕੀਤਾ ਸਾਂਝਾ

### ਤੁਸੀਂ ਸਫ਼ਾਈ ਸੇਵਕਾਂ ਤੋਂ ਸ਼ਹਿਰਾਂ ਨੂੰ ਸਾਫ਼-ਸੁਥਰਾ ਰੱਖਣ ਦੇ ਢੰਗ-ਤਰੀਕੇ ਜਾਣ ਸਕਦੇ ਹੋ: ਹਰਜੋਤ ਬੈਂਸ

### 'ਮਿਸ਼ਨ ਕਲੀਨ ਪੰਜਾਬ' ਨੂੰ ਸਿਰਫ਼ ਫਾਈਲਾਂ ਅਤੇ ਜੁਰਮਾਨਿਆਂ ਨਾਲ ਨਹੀਂ ਚਲਾਇਆ ਜਾ ਸਕਦਾ: ਸਥਾਨਕ ਸਰਕਾਰਾਂ ਮੰਤਰੀ



ਚੰਡੀਗੜ੍ਹ, 14 ਜੂਨ:ਲੁਧਿਆਣਾ ਦੇ ਡੀ.ਐਮ.ਸੀ. ਹਸਪਤਾਲ ਦੇ ਬਾਹਰ ਸਵੇਰ ਦਾ ਮਾਹੌਲ ਆਮ ਤੌਰ 'ਤੇ ਇੱਕੋ ਜਿਹਾ ਹੁੰਦਾ ਹੈ; ਐਂਬੂਲੈਂਸਾਂ ਦੇ ਸਾਇਰਨ, ਮਰੀਜ਼ਾਂ ਦੇ ਰਿਸ਼ਤੇਦਾਰਾਂ ਦੀ ਦੌੜ-ਭੱਜ, ਚਾਹ ਵੇਚਣ ਵਾਲੇ ਆਵਾਜ਼ਾਂ ਮਾਰਦੇ ਹਨ। ਪਰ ਅੱਜ ਸਵੇਰੇ ਉਸ ਵੇਲੇ ਇਹ ਮਾਹੌਲ ਬਦਲਿਆ ਹੋਇਆ ਦੇਖਿਆ ਜਦੋਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਸ. ਹਰਜੋਤ ਸਿੰਘ ਬੈਂਸ ਕਾਰ ਤੋਂ ਬਾਹਰ ਨਿਕਲੇ। ਉਨ੍ਹਾਂ ਨਾਲ ਕੋਈ ਕਾਫਲਾ ਨਹੀਂ, ਕੋਈ ਲਾਲ ਬੱਤੀ ਵਾਲੀ ਗੱਡੀ ਨਹੀਂ ਸੀ, ਕੋਈ ਅਧਿਕਾਰੀ ਫਾਈਲਾਂ ਲੈ ਕੇ ਉਨ੍ਹਾਂ ਦੇ ਪਿੱਛੇ ਨਹੀਂ ਆ ਰਹੇ ਸਨ। ਉਹ ਲੁਧਿਆਣਾ ਨਗਰ ਨਿਗਮ ਦੇ ਖੇਤਰਾਂ ਦੀ ਅਚਨਚੇਤ ਚੈਕਿੰਗ ਕਰਨ ਆਏ ਸਨ। ਉਹ ਸਿੱਧਾ ਸਫ਼ਾਈ ਸੇਵਕਾਂ ਦੀ ਇਕ ਟੀਮ ਕੋਲ ਗਏ ਜੋ ਹਸਪਤਾਲ ਦੇ ਨੇੜੇ ਇੱਕ ਸੜਕ ਦੀ ਸਫਾਈ ਕਰ ਰਹੇ ਸਨ।

ਸਥਾਨਕ ਸਰਕਾਰਾਂ ਮੰਤਰੀ ਨੇ ਇੱਕ ਛੋਟਾ ਜਿਹਾ ਸਟੂਲ ਖਿੱਚਿਆ, ਜਿਸ ਦੀ ਵਰਤੋਂ ਸੜਕ ਕਿਨਾਰੇ ਚਾਹ ਵੇਚਣ ਵਾਲੇ ਕਰਦੇ ਹਨ, ਅਤੇ ਸਫਾਈ ਕਰਮਚਾਰੀਆਂ ਵਿਚਕਾਰ ਬੈਠ ਗਏ ਅਤੇ ਕਿਹਾ, "ਚਾਹ ਲਿਆਓ, ਬੈਠੋ, ਆਓ ਵਿਚਾਰ-ਵਟਾਂਦਰਾ ਕਰੀਏ।" ਉਨ੍ਹਾਂ ਨੇ ਸਫਾਈ ਸੇਵਕਾਂ ਤੋਂ ਸਫਾਈ, ਪਾਣੀ ਦੀ ਨਿਕਾਸੀ ਅਤੇ ਸੁਰੱਖਿਆ ਉਪਕਰਨਾਂ ਬਾਰੇ ਫੀਡਬੈਕ ਲੈਣ ਵਿੱਚ ਲਗਭਗ 20 ਮਿੰਟ ਬਿਤਾਏ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ, "ਜੋ ਲੋਕ ਇਸ ਸ਼ਹਿਰ ਨੂੰ ਹਰ ਰੋਜ਼ ਸਾਫ਼ ਰੱਖਦੇ ਹਨ, ਉਹ ਇਸ ਨੂੰ ਬਿਹਤਰ ਬਣਾਉਣ ਦੇ ਸਭ ਤੋਂ ਵਧੀਆ ਤਰੀਕੇ ਦੱਸ ਸਕਦੇ ਹਨ। ਤੁਸੀਂ ਬੰਦ ਕਮਰੇ ਵਿੱਚ ਬੈਠ ਕੇ ਇਹਨਾਂ ਤਰੀਕਿਆਂ ਬਾਰੇ ਨਹੀਂ ਸਿੱਖ ਸਕਦੇ। ਇਸ ਬਾਰੇ ਤੁਹਾਨੂੰ ਸਫਾਈ ਸੇਵਕ ਬਿਹਤਰ ਢੰਗ ਨਾਲ ਦੱਸ ਸਕਦੇ ਹਨ।" ਸ. ਬੈਂਸ ਨੇ ਕਿਹਾ, "ਮਿਸ਼ਨ ਕਲੀਨ ਪੰਜਾਬ ਸਿਰਫ਼ ਫਾਈਲਾਂ ਅਤੇ ਜੁਰਮਾਨਿਆਂ ਨਾਲ ਨਹੀਂ ਚੱਲੇਗਾ। ਜੇਕਰ ਅਸੀਂ ਸਾਫ਼-ਸੁਥਰੇ ਸ਼ਹਿਰ ਚਾਹੁੰਦੇ ਹਾਂ ਤਾਂ ਸਾਨੂੰ ਉਨ੍ਹਾਂ ਵਿਅਕਤੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਸਾਫ਼-ਸੁਥਰਾ ਰੱਖਦੇ ਹਨ। ਮਾਣ-ਸਨਮਾਨ ਨੂੰ ਤਰਜੀਹ ਦਿਓ। ਬਾਕੀ ਸਭ ਕੰਮ ਉਸ ਤੋਂ ਬਾਅਦ ਹੋਣਗੇ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਫਾਈ ਸੇਵਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ।"

## "ਜਰਨੈਲ ਸਿੰਘ ਆਰਟਿਸਟ ਸਿਮਰਤੀ ਗ੍ਰੰਥ " ਲੁਧਿਆਣਾ ਵਿੱਚ ਪ੍ਰੋ. ਜਗਮੋਹਨ ਸਿੰਘ , ਡਾ. ਐੱਸ ਪੀ ਸਿੰਘ , ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਸਾਥੀਆਂ ਵੱਲੋਂ ਲੋਕ ਅਰਪਣ

ਟਿੰਕੂ ਕੁਮਾਰ



ਲੁਧਿਆਣਾः 14 ਜੂਨ : ਵਿਸ਼ਵ ਪ੍ਰਸਿੱਧ ਪੰਜਾਬੀ ਲੋਕ ਕਲਾ ਫੁਲਕਾਰੀਆਂ ਅਤੇ ਸਿੱਖ ਇਤਿਹਾਸ ਨੂੰ ਵੱਖ ਵੱਖ ਪੇਟਿੰਗਜ਼ ਤੇ ਕੰਧ ਚਿੱਤਰਾਂ ਵਿੱਚ ਸੰਭਾਲਣ ਵਾਲੇ ਚਿੱਤਰਕਾਰ " ਜਰਨੈਲ ਸਿੰਘ ਆਰਟਿਸਟ ਦੀ ਯਾਦ ਵਿੱਚ ਵੈਨਕੂਵਰ ਵਿਚਾਰ ਮੰਚ ਵੱਲੋਂ ਤਿਆਰ ਤੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਬਹੁਤ ਸੁੰਦਰ ਸਰੂਪ ਵਿੱਚ ਪੇਸ਼ ਪ੍ਰਕਾਸ਼ਨਾ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਸਿਵਲ ਲਾਈਨਜ਼ ਲੁਧਿਆਣਾ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐੱਸ ਪੀ ਸਿੰਘ, ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ, ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨ ਕੌਂਸਲ ਦੇ ਆਨਰੇਰੀ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ , ਡਾ. ਲਖਵਿੰਦਰ ਜੌਹਲ, ਮਨਦੀਪ ਕੌਰ ਭਮਰਾ,ਕਾਲਿਜ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਮਲਹੋਤਰਾ, ਪ੍ਰਕਾਸ਼ਕ ਸਤੀਸ਼ ਗੁਲਾਟੀ ਅਤੇ ਇਸ ਸਿਮਰਤੀ ਗ੍ਰੰਥ ਦੇ ਸੰਪਾਦਕੀ ਮੰਡਲ ਦੇ ਮੁਖੀ ਸ.ਜਰਨੈਲ ਸਿੰਘ ਸੇਖਾ ਦੇ ਸਪੁੱਤਰ ਨਵਨੀਤ ਸਿੰਘ ਸੇਖਾ ਨੇ ਲੋਕ ਅਰਪਣ ਕੀਤਾ।

ਇਸ ਸਿਮਰਤੀ ਗਰੱਥ ਦਾ ਸੰਪਾਦਨ ਜਰਨੈਲ ਸਿੰਘ ਸੇਖਾ, ਮੋਹਨ ਗਿੱਲ,ਹਰਦਮ ਸਿੰਘ ਮਾਨ, ਅੰਗਰੇਜ਼ ਸਿੰਘ ਬਰਾੜ ਤੇ ਜਰਨੈਲ ਸਿੰਘ ਦੀ ਬੇਟੀ ਨੀਤੀ ਸਿੰਘ ਨੇ ਕੀਤਾ ਹੈ। ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਜਰਨੈਲ ਸਿੰਘ ਆਰਟਿਸਟ ਬਾਰੇ ਜਾਣਕਾਰੀ ਦੇਂਦਿਆਂ ਮੀਡੀਆ ਨੂੰ ਦੱਸਿਆ ਕਿ ਜਰਨੈਲ ਸਿੰਘ ਆਰਟਿਸਟ ਨਾਲ ਮੇਰੀ ਸਾਂਝ 1983 ਵਿੱਚ ਡਾ. ਆਤਮ ਹਮਰਾਹੀ ਜੀ ਨੇ ਪੁਆਈ ਜਦ ਉਹ ਪਹਿਲੀ ਕਲਾ ਪ੍ਰਦਰਸ਼ਨੀ ਲਾਉਣ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਆਏ। ਸਿੱਖ ਵਿਰਾਸਤ ਅਤੇ ਪੰਜਾਬੀ ਸੱਭਿਆਚਾਰ ਨੂੰ ਆਪਣੀਆਂ ਪੇਟਿੰਗਜ਼ ਰਾਹੀਂ ਉਹ ਉਸ ਤੋਂ ਬਾਦ ਦੁਨੀਆ ਭਰ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਗਏ। ਉਨ੍ਹਾਂ ਨੇ ਪੰਜਾਬ ਦੇ ਅਮੀਰ ਵਿਰਾਸਤੀ ਇਤਿਹਾਸ ਨੂੰ ਸੰਭਾਲਣ ਲਈ 40 ਸਾਲ ਤੋਂ ਵੱਧ ਸਮਾਂ ਗੁਜ਼ਾਰਿਆ। ਉਨ੍ਹਾਂ ਦੀ ਜੀਵਨ ਸਾਥਣ ਬਲਜੀਤ ਕੌਰ ਤੇ ਬੇਟੀ ਨੀਤੀ ਕੌਰ ਵੀ ਕਲਾ ਖੇਤਰ ਵਿੱਚ ਨਵੇਕਲੀ ਸ਼ਾਨ ਹਾਸਲ ਕੀਤੀ ਹੈ।

ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਚਿੱਤਰਕਾਰ ਸ. ਕਿਰਪਾਲ ਸਿੰਘ ਦੇ ਘਰ 12 ਜੂਨ 1956 ਨੂੰ ਜਨਮੇ ਇਸ ਕਲਾਕਾਰ ਨੇ 10 ਸਾਲ ਦੀ ਉਮਰ ਵਿੱਚ ਹੀ ਚਿੱਤਰਕਾਰੀ ਸ਼ੁਰੂ ਕਰ ਦਿੱਤੀ ਸੀ। ਉਹ ਸਾਲ 2000 ਵਿੱਚ ਭਾਰਤ ਤੋਂ ਕੈਨੇਡਾ ਚਲੇ ਗਏ ਸਨ ਅਤੇ ਸਰੀ ਵਿੱਚ ਰਹਿ ਕੇ ਆਪਣੀ ਕਲਾ ਦਾ ਪ੍ਰਕਾਸ਼ ਕਰ ਰਹੇ ਸਨ। ਚਿੱਤਰਕਾਰੀ ਦੇ ਨਾਲ-ਨਾਲ ਉਨ੍ਹਾਂ ਨੇ ਲੇਖਕ ਵਜੋਂ ਵੀ ਕੰਮ ਪੁਸਤਕ "ਪੰਜਾਬੀ ਚਿੱਤਰਕਾਰ" ਲਿਖੀ।

ਜਰਨੈਲ ਸਿੰਘ ਆਰਟਿਸਟ ਦੀਆਂ ਭਾਰਤ ਨਿਵਾਸ ਦੌਰਾਨ ਸਰਗਰਮੀਆਂ ਦਾ ਕੇਂਦਰ ਚੰਡੀਗੜ੍ਹ ਤੋਂ ਇਲਾਵਾ ਲੁਧਿਆਣਾ ਹੀ ਰਿਹਾ ਹੈ। ਇਸ ਕਾਲਿਜ ਤੇ ਇਸ ਦੇ ਪ੍ਰਬੰਧਕਾਂ ਨਾਲ ਸ. ਜਰਨੈਲ ਸਿੰਘ ਆਰਟਿਸਟ ਦੇ ਸਬੰਧ ਬਹੁਤ ਗੂੜ੍ਹੇ ਸਨ। ਇਸ ਸਮਾਗਮ ਵਿੱਚ ਡਾ. ਲਖਵਿੰਦਰ ਸਿੰਘ ਜੌਹਲ, ਸੁਰਿੰਦਰ ਰਾਮਪੁਰੀ,ਗੁਰਦਿਆਲ ਦਲਾਲ, ਤੇਲੂ ਰਾਮ ਕੋਹਾੜਾ, ਦੀਪ ਦਿਲਬਰ, ਰਾਜਦੀਪ ਸਿੰਘ ਤੂਰ, ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਸਹਿਜਪ੍ਰੀਤ ਸਿੰਘ ਮਾਂਗਟ, ਜ਼ਿਲ੍ਹਾ ਭਾਸ਼ਾ ਅਫ਼ਸਰ ਲੁਧਿਆਣਾ ਡਾ. ਸੰਦੀਪ ਸ਼ਰਮਾ, ਲਿਖਾਰੀ ਸਭਾ ਰਾਮਪੁਰ ਦੇ ਸਾਬਕਾ ਪ੍ਰਧਾਨ, ਅਨਿਲ ਫਤਹਿਗੜ੍ਹ ਜੱਟਾਂ,ਪੰਜਾਬੀ ਸਾਹਿੱਤ ਸਭਾ ਭੈਣੀ ਸਾਹਿਬ ਦੇ ਪ੍ਰਧਾਨ ਸ. ਗੁਰਸੇਵਕ ਸਿੰਘ ਢਿੱਲੋਂ ਤਰਨ ਸਿੰਘ ਬੱਲ, ਅਜਾਇਬ ਚਿੱਤਰਕਾਰ ਦੇ ਸਪੁੱਤਰ ਸੁਖਪਾਲ ਸਿੰਘ, ਰੀਟਾਇਰਡ ਪ੍ਰਿੰਸੀਪਲ ਪਰਮਜੀਤ ਸਿੰਘ ਗਰੇਵਾਲ, ਮਨਦੀਪ ਕੌਰ ਭਮਰਾ, ਪ੍ਰੋ. ਅਮਨਜੀਤ ਕੌਰ, ਦੀਪ ਜਗਦੀਪ ਸਿੰਘ,ਪ੍ਰੋ. ਮਨੀਸ਼ਾ ਸ਼ਰਮਾ ,ਸ . ਅਵਤਾਰ ਸਿੰਘ ਮੋਗਾ ਤੇ ਰਾਜਿੰਦਰ ਸਿੰਘ ਸੰਧੂ ਹਾਜ਼ਰ ਸਨ।

ਮੰਚ ਸੰਚਾਲਨ ਡਾ. ਮਨਦੀਪ ਕੌਰ ਰੰਧਾਵਾ ਨੇ ਕੀਤਾ ਜਦ ਕਿ ਆਏ ਮਹਿਮਾਨਾਂ ਤੇ ਲੇਖਕਾਂ ਦਾ ਧੰਨਵਾਦ ਕਾਲਿਜ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਮਲਹੋਤਰਾ ਨੇ ਕੀਤਾ।

## ਸਰੀ ਵਿਚ 'ਹੁਣ' ਮੈਗਜ਼ੀਨ ਦੇ ਮੁੱਖ ਸੰਪਾਦਕ ਸੁਸ਼ੀਲ ਦੁਸਾਂਝ ਦਾ ਗਜ਼ਲ ਮੰਚ ਸਰੀ ਦੇ ਮੈਂਬਰਾਂ ਵੱਲੋਂ ਨਿੱਘਾ ਸਵਾਗਤ

ਹਰਦਮ ਮਾਨ

ਸਰੀ, 14 ਜੂਨ : ਬੀਤੇ ਦਿਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਜਨਰਲ ਸਕੱਤਰ ਅਤੇ ਪੰਜਾਬੀ ਸਾਹਿਤ ਜਗਤ ਦੇ ਵੱਕਾਰੀ ਮੈਗਜ਼ੀਨ 'ਹੁਣ' ਦੇ ਮੁੱਖ ਸੰਪਾਦਕ ਸੁਸ਼ੀਲ ਦੁਸਾਂਝ ਦੇ ਸਰੀ ਪਹੁੰਚਣ 'ਤੇ 'ਗਜ਼ਲ ਮੰਚ ਸਰੀ' ਦੇ ਮੈਂਬਰਾਂ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਉਪਰੰਤ 'ਗੁਲਾਟੀ ਪਬਲਿਸ਼ਰਜ਼ ਲਿਮਿਟਡ' ਦੇ ਵਿਹੜੇ ਵਿੱਚ ਉਨ੍ਹਾਂ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ। ਗੱਲਬਾਤ ਦੌਰਾਨ ਸੁਸ਼ੀਲ ਦੁਸਾਂਝ ਨੇ ਪੰਜਾਬ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪਿਛਲੇ ਸਮੇਂ ਦੌਰਾਨ ਮਾਂ-ਬੋਲੀ ਅਤੇ ਸਾਹਿਤ ਦੇ ਲੇਖੇ ਲਾਏ ਕਾਰਜਾਂ ਅਤੇ ਮੌਜੂਦਾ ਸਰਗਰਮੀਆਂ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ। ਉਹਨਾਂ ਨੇ ਪੰਜਾਬ ਦੇ ਮੌਜੂਦਾ ਸਾਹਿਤਕ ਦ੍ਰਿਸ਼ ਅਤੇ ਲੇਖਕਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ।



ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦਾ ਦੌਰ ਵਿੱਚ ਸੋਸ਼ਲ ਮੀਡੀਆ ਦੇ ਪੰਜਾਬੀ ਰਚਨਾਤਮਕ ਕਾਰਜਾਂ ਉੱਪਰ ਪੈ ਰਹੇ ਹਾਂ-ਪੱਖੀ ਅਤੇ ਨਾਂ-ਪੱਖੀ ਪ੍ਰਭਾਵਾਂ ਬਾਰੇ ਗੰਭੀਰ ਚਰਚਾ ਕਰਦਿਆਂ ਸੁਸ਼ੀਲ ਦੁਸਾਂਝ ਨੇ ਬੜੇ ਬੇਬਾਕ ਸ਼ਬਦਾਂ ਵਿੱਚ ਕਿਹਾ ਕਿ ਬੇਸ਼ੱਕ ਸੋਸ਼ਲ ਮੀਡੀਆ ਦੇ ਆਉਣ ਨਾਲ ਬਹੁਤ ਸਾਰੇ ਨਵੇਂ ਲੇਖਕ ਸਾਹਮਣੇ ਆਏ ਹਨ, ਲਿਖਣ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ ਅਤੇ ਰਚਨਾਵਾਂ ਤੁਰੰਤ ਪਾਠਕਾਂ ਤੱਕ ਪਹੁੰਚ ਰਹੀਆਂ ਹਨ। ਪਰ ਇਸ ਦੇ ਨਾਲ ਹੀ ਇੱਕ ਵੱਡਾ ਸੰਕਟ ਇਹ ਖੜ੍ਹਾ ਹੋ ਗਿਆ ਹੈ ਕਿ ਇਸ ਮਾਧਿਅਮ ਰਾਹੀਂ ਜੋ ਸਾਹਿਤ, ਰਚਿਆ ਜਾਂ ਪਰੋਸਿਆ ਜਾ ਰਿਹਾ ਹੈ, ਉਸ ਵਿੱਚ ਸਾਹਿਤਕ ਗੁਣਵੱਤਾ, ਭਾਸ਼ਾਈ ਮਰਿਆਦਾ ਅਤੇ ਗੰਭੀਰ ਅਧਿਐਨ ਦੀ ਵੱਡੀ ਘਾਟ ਰੜਕਦੀ ਹੈ। ਲਾਈਕਸ ਅਤੇ ਕੁਮੈਂਟਸ ਦੀ ਦੌੜ ਨੇ ਸਾਹਿਤ ਵਿੱਚੋਂ ਸਬਰ ਅਤੇ ਸਾਧਨਾ ਨੂੰ ਮਨਫ਼ੀ ਕਰ ਦਿੱਤਾ ਹੈ।

ਉਹਨਾਂ ਨੇ ਆਖਿਆ ਕਿ ਸਿਰਫ਼ ਭਾਵੁਕ ਹੋ ਕੇ ਲਿਖ ਦੇਣਾ ਹੀ ਉੱਤਮ ਸਾਹਿਤ ਨਹੀਂ ਹੋ ਸਕਦਾ। ਜੇਕਰ ਇੱਕ ਨਿਰੋਆ, ਅਗਾਂਹਵਧੂ ਅਤੇ ਲੰਮੇਰੀ ਉਮਰ ਵਾਲਾ ਸਾਹਿਤ ਰਚਣਾ ਹੈ, ਤਾਂ ਲੇਖਕਾਂ ਲਈ ਆਪਣੇ ਆਲੇ-ਦੁਆਲੇ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਰਤਾਰੇ ਦੀ ਡੂੰਘੀ ਸੋਝੀ ਹੋਣੀ ਬੇਹੱਦ ਲਾਜ਼ਮੀ ਹੈ। ਜਦੋਂ ਤੱਕ ਕੋਈ ਰਚਨਾਕਾਰ ਇਤਿਹਾਸ ਅਤੇ ਮੌਜੂਦਾ ਦੌਰ ਦੇ ਦਵੰਦ ਨੂੰ ਨਹੀਂ ਸਮਝਦਾ, ਉਦੋਂ ਤੱਕ ਉਹ ਲੋਕ-ਮਨਾਂ ਵਿੱਚ ਉਕਰਿਆ ਜਾਣ ਵਾਲਾ ਸਾਹਿਤ ਨਹੀਂ ਸਿਰਜ ਸਕਦਾ। ਸੋਸ਼ਲ ਮੀਡੀਆ ਦੇ ਇਸ ਦੌਰ ਵਿੱਚ ਲੇਖਕਾਂ ਨੂੰ ਸਸਤੀ ਪ੍ਰਸਿੱਧੀ ਤੋਂ ਬਚ ਕੇ ਗੰਭੀਰ ਚਿੰਤਨ ਵੱਲ ਮੁੜਨਾ ਪਵੇਗਾ।

ਇਸ ਸਾਹਿਤਕ ਮਿਲਣੀ ਦੌਰਾਨ ਸੁਸ਼ੀਲ ਦੁਸਾਂਝ ਨੇ ਗਜ਼ਲ ਮੰਚ ਦੇ ਮੈਂਬਰਾਂ ਨੂੰ ਆਪਣੀ ਗਜ਼ਲ ਪੁਸਤਕ 'ਪੀਲੀ ਧਰਤੀ ਕਾਲ਼ਾ ਅੰਬਰ' ਭੇਟ ਕੀਤੀ ਅਤੇ ਨਾਲ ਹੀ ਉਹਨਾਂ ਨੇ ਮੈਗਜ਼ੀਨ 'ਹੁਣ' ਦਾ ਤਾਜ਼ਾ ਅੰਕ ਅਤੇ ਕਮਲ ਦੁਸਾਂਝ ਵੱਲੋਂ ਅਨੁਵਾਦ ਕੀਤੀ ਗਈ ਪੁਸਤਕ 'ਜਲਾਵਤਨ' ਵੀ ਮੰਚ ਦੇ ਮੈਂਬਰਾਂ ਨੂੰ ਸੌਂਪੀ।

ਅਖੀਰ ਵਿੱਚ ਗਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਸੁਸ਼ੀਲ ਦੁਸਾਂਝ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ 'ਹੁਣ' ਰਸਾਲੇ ਨੂੰ ਨਿਰੰਤਰ ਚਲਾਉਣ ਲਈ ਕੀਤੇ ਜਾ ਰਹੇ ਵੱਡੇ ਸਾਹਿਤਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਨੇ ਸੁਸ਼ੀਲ ਦੁਸਾਂਝ ਦਾ ਸਰੀ (ਕੈਨੇਡਾ) ਦੀ ਧਰਤੀ 'ਤੇ ਪਹੁੰਚਣ ਲਈ ਸਮੁੱਚੇ ਮੰਚ ਵੱਲੋਂ ਤਹਿ ਦਿਲੋਂ ਸਵਾਗਤ ਅਤੇ ਧੰਨਵਾਦ ਕੀਤਾ। ਇਸ ਮੌਕੇ ਗ਼ਜ਼ਲ ਮੰਚ ਦੇ ਸ਼ਾਇਰ ਰਾਜਵੰਤ ਰਾਜ, ਹਰਦਮ ਮਾਨ, ਦਵਿੰਦਰ ਗੌਤਮ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਸੁਸ਼ੀਲ ਦੁਸਾਂਝ ਨੂੰ ਜੀ ਆਇਆਂ ਕਿਹਾ।

## ਚੈਂਬਰ ਆਫ ਕਾਮਰਸ ਦੇ ਪ੍ਰਧਾਨ ਓਮਕਾਰ ਗੋਇਲ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ

ਟਿੰਕੂ ਕੁਮਾਰ



ਕੋਟਕਪੂਰਾ, 14 ਜੂਨ : ਚੈਂਬਰ ਆਫ ਕਾਮਰਸ ਐਂਡ ਇੰਡਸਟਰੀਜ਼ ਦੇ ਪ੍ਰਧਾਨ ਓਮਕਾਰ ਗੋਇਲ ਵੱਲੋਂ ਵਪਾਰੀ ਵਰਗ ਦੀਆਂ ਵੱਖ-ਵੱਖ ਸਮੱਸਿਆਵਾਂ ਦੇ ਹੱਲ ਲਈ ਕੀਤੇ ਜਾ ਰਹੇ ਯਤਨਾਂ ਨੂੰ ਲੈ ਕੇ ਸ਼ਹਿਰ ਦੇ ਸਮੂਹ ਵਪਾਰੀ ਵਰਗ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਬੀਤੀ ਰਾਤ ਹੋਏ ਇੱਕ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵੱਖ-ਵੱਖ ਵਪਾਰੀ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਵੱਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ ਭੇਂਟ ਕੀਤਾ ਗਿਆ। ਪ੍ਰਧਾਨ ਓਮਕਾਰ ਗੋਇਲ ਨੂੰ ਇਹ ਯਾਦਗਾਰੀ ਚਿੰਨ ਸੰਜੀਵ ਕੁਮਾਰ ਡੀ.ਐਸ.ਪੀ. ਕੋਟਕਪੂਰਾ, ਹਰੀਸ਼ ਸੇਤੀਆ ਚੇਅਰਮੈਨ ਅਰੋੜਾ ਖੱਤਰੀ ਵੈਲਫੇਅਰ ਬੋਰਡ ਜਿਲਾ ਫਰੀਦਕੋਟ ਅਤੇ ਹੋਰ ਵਪਾਰੀ ਆਗੂਆਂ ਵੱਲੋਂ ਦਿੱਤਾ ਗਿਆ। ਇਸ ਦੌਰਾਨ ਸੁਤੰਤਰ ਗੋਇਲ, ਸਾਧੂ ਰਾਮ ਦਿਓੜਾ, ਸ਼ੀਤਲ ਗੋਇਲ, ਪੁਨੀਤ ਪਲਤਾ, ਨਰੇਸ਼ ਮਿੱਤਲ ਅਤੇ ਸਤੀਸ਼ ਕਟਾਰੀਆ ਨੇ ਕਿਹਾ ਕਿ ਪ੍ਰਧਾਨ ਓਮਕਾਰ ਗੋਇਲ ਜੀ ਵੱਲੋਂ ਵਪਾਰੀ ਵਰਗ ਦੀ ਭਲਾਈ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪ੍ਰਧਾਨ ਗੋਇਲ ਜੀ ਵੱਲੋਂ ਕੀਤੇ ਗਏ ਯਤਨਾਂ ਸਦਕਾਂ ਐਫ.ਐਸ.ਐਸ.ਏ.ਆਈ. ਵੱਲੋਂ ਫੂਡ ਸੇਫਟੀ ਲਾਈਸੈਂਸ ਦੀ ਟਰਨ ਓਵਰ ਸਲੈਬ ਵਿੱਚ ਵਾਧਾ ਕਰੇ ਫੂਡ ਲਾਈਸੈਂਸ ਦੀ ਸਮਾਂ ਸੀਮਾ ਖਤਮ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਹੀ ਨਾਪਤੋਲ ਵਿਭਾਗ ਵੱਲੋਂ ਖਾਣ ਵਾਲੇ ਤੇਲਾਂ ਦੀ ਸਟੈਂਡਰਡ ਪੈਕਿੰਗ ਲਾਗੂ ਕਰ ਦਿੱਤੀ ਗਈ ਹੈ, ਜਿਸ ਨਾਲ ਗ੍ਰਾਹਕ ਨੂੰ ਭੁਲੇਖਾਪਾਊ ਪੈਕਿੰਗ ਸਿਸਟਮ ਤੋਂ ਛੁਟਕਾਰਾ ਮਿਲ ਜਾਵੇਗਾ ਅਤੇ ਕਰਿਆਨਾ ਵਾਪਰੀਆਂ ਦੀ ਸਿਰਦਰਦੀ ਵੀ ਇਸ ਨਾਲ ਖਤਮ ਹੋ ਜਾਵੇਗਾ। ਇਸ ਦੌਰਾਨ ਪ੍ਰਧਾਨ ਓਮਕਾਰ ਗੋਇਲ ਨੇ ਕਿਹਾ ਕ ਗ੍ਰਾਹਕ ਨੂੰ ਸਾਫ-ਸੁਥਰਾ ਤੇ ਮਿਆਰੀ ਸਮਾਨ ਮਿਲੇ ਅਤੇ ਸਰਕਾਰ ਨੂੰ ਪੂਰਾ ਟੈਕਸ ਮਿਲੇ ਚੈਂਬਰ ਆਫ ਕਾਮਰਸ ਐਂਡ ਇੰਡਸਟਰੀਜ਼ ਦਾ ਇਹ ਸਲੋਗਨ ਹੈ। ਉਨ੍ਹਾਂ ਕਿਹਾ ਕਿ ਵਪਾਰੀ ਵਰਗ ਸਾਫ ਸੁਥਰਾ ਤੇ ਵਧੀਆ ਕੰਮ ਕਰਨਾ ਚਾਹੁੰਦਾ ਹੈ, ਪ੍ਰੰਤੂ ਇਸ ਵਪਾਰੀ ਵਰਗ ਨੂੰ ਚੰਗਾ ਮਾਹੌਲ ਮਿਲਣਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਚੈਂਬਰ ਆਫ ਕਾਮਰਸ ਐਂਡ ਇੰਡਸਟਰੀਜ਼ ਨਾਲ ਸਬੰਧਤ ਸ਼ਹਿਰ ਦੀਆਂ ਵੱਖ-ਵੱਖ 28 ਦੇ ਕਰੀਬ ਵਪਾਰਕ ਐਸੋਸੀਏਸ਼ਨਾਂ ਵੱਲੋਂ ਇੱਕ-ਜੁਟ ਹੋ ਕੇ ਕੰਮ ਕੀਤਾ ਜਾ ਰਿਹਾ ਹੈ ਅਤੇ ਇਸਦੀ ਬਦੌਲਤ ਹੀ ਇਹ ਸਫਲਤਾਵਾਂ ਉਨ੍ਹਾਂ ਦੇ ਹਿੱਸੇ ਆਈਆਂ ਹਨ। ਉਨ੍ਹਾਂ ਸਮੂਹ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸਹਿਯੋਗ ਦੇਣ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਰਾਜ ਕੁਮਾਰ ਰਾਵਲ, ਜਤਿੰਦਰ ਜਸ਼ਨ, ਸੰਜੀਵ ਕਟਾਰੀਆ, ਰਜਨੀਸ਼ ਗੋਇਲ, ਹਰਿੰਦਰ ਪਾਲ ਸਿੰਘ ਅਤੇ ਰੋਹਿਤ ਮਿੱਤਲ ਆਦਿ ਵੀ ਹਾਜਰ ਸਨ।

## ਆਸਾੜ੍ਹ ਤਪੰਦਾ ਤਿਸੁ ਲਗੈ।।

ਸੁਰਜੀਤ ਸਾਰੰਗ

ਅੱਜ ਦੇ ਇਸ ਮਹਿਨੇ ਦੇ ਵਿਚ ਜੋ ਗੁਰੂ ਦਾ ਉਪਦੇਸ਼ ਸਾਨੂੰ ਦ੍ਰਿੜ ਕਰਵਾਇਆ ਹੈ।ਇਸ ਵਿਚ ਸਭ ਤੋਂ ਪਹਿਲਾਂ ਖ਼ਾਸ ਕਰਕੇ ਹਿੰਦੁਸਤਾਨ ਦੀ ਧਰਤੀ ਤੇ ਇਸ ਮਹੀਨੇ ਦੇ ਵਿਚ ਮੌਸਮ ਆਪਣੀ ਬਹੁਤ ਵੱਡੀ ਥਾਂ ਰੱਖਦਾ ਹੈ।

ਹਾੜ ਦੇ ਮਹੀਨੇ ਵਿਚ ਲੂਆਂ ਗਰਮ ਚੱਲਦੀਆਂ ਹਨ। ਸੂਰਜ ਦੀਆਂ ਕਿਰਨਾਂ ਤੱਪਦੀਆ ਧਰਤੀ ਤੇ ਪੈਂਦੀਆਂ ਹਨ। ਉਸ ਤਪਸ਼ ਨਾਲ ਉਹਨਾਂ ਕਿਰਨਾਂ ਦੇ ਨਾਲ ਮਨੁੱਖ ਕੀ ਬਨਸਪਤੀ, ਕੀ ਪਸ਼ੂ ਪੰਛੀ ਹਰ ਇਕ ਉਂਪਰ ਉਹ ਤਪਸ਼ ਉਹ ਗਰਮ ਲੂਆਂ ਆਪਣਾ ਅਸਰ ਪਾਉਂਦੀਆਂ ਹਨ। ਲੋਕਾਂ ਕੋਲ ਤਪਸ਼ ਨੂੰ ਦੂਰ ਕਰਨ ਦੇ ਸਾਧਨ ਵੀ ਹਨ।

ਪੁਰਾਤਨ ਸਮੇਂ ਲੋਕ ਤਪਸ਼ ਦੂਰ ਕਰਨ ਲਈ ਰੁੱਖਾਂ ਥੱਲੇ ਬੈਠਦੇ ਸਨ। ਕਏ,ਈ ਪਹਾੜਾਂ ਦੀ ਚੋਟੀ ਤੇ ਜਾ ਕੇ ਦਿਨ ਬਤੀਤ ਕਰਦੇ ਸਨ।

ਹਾੜ ਦਾ ਮਹੀਨਾ ਉਨ੍ਹਾਂ ਲਈ ਕਠਿਨ ਹੈ। ਦੁਖਦਾਈ ਹੈ। ਜਿਨ੍ਹਾਂ ਦੇ ਹਿਰਦੇ ਵਿੱਚ ਵਾਹਿਗੁਰੂ ਨਹੀਂ। ਕਹਿੰਦੇ ਹਨ।

ਜੇ ਹਿਰਦੇ ਵਾਹਿਗੁਰੂ ਦਾ ਨਾਮ ਹੋਵੇ ਤਾਂ ਉਬਲਦੀ ਦੇਗ, ਅੱਗ ਦੀ ਤਪਸ਼ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦੀ।

ਇਕ ਗੁਰਮੁਖ ਆਦਮੀ ਕਹਿਣ ਲੱਗਾ ਜਦੋਂ ਮੈਂ ਲਾਹੌਰ ਦੀ ਧਰਤੀ ਵੱਲ ਦੇਖਦਾ ਹਾਂ ਗੁਰੂ ਅਰਜਨ ਸਾਹਿਬ ਤੱਤੀ ਤਵੀ ਤੇ ਬੈਠੇ ਹੋਏ ਹਨ।

ਸਰੀਰ ਤੇ ਗਰਮ ਰੇਤਾ ਪਿਆ ਪੈਂਦਾ ਹੈ। ਸਾਹਮਣੇ ਉਬਲਦੀ ਦੇਗ ਵਿਚ ਬੈਠੇ ਹਨ। ਕਹਿੰਦਾ ਹੈ।

ਮੇਰੇ ਅੰਦਰੋਂ ਇਕ ਹੂਕ ਨਿਕਲੀ—-ਏ ਦੁਨੀਆਂ ਦੇ ਲੋਕੋਂ ਸ਼ਹਿਦੀ ਸਾਖੀ ਸੁਣਾਉਣੀ ਬਹੁਤ ਸੌਖੀ ਹੈ। ਪਰ ਜੋ ਗੁਰੂ ਅਰਜਨ ਦੇਵ ਜੀ ਕਰ ਗਏ ਹਨ। ਉਹ ਕਿਸੇ ਨੇ ਨਹੀਂ ਕਰ
ਸਕਣਾ ਨਾ ਹੀ ਕੋਈ ਮੁਕਾਬਲਾ ਕਰ ਸਕਦਾ ਹੈ।

ਸਾਡਾ ਗਰਮ ਤੱਵੇ ਨਾਲ ਹੱਥ ਲੱਗ ਜਾਏ ਅਸੀਂ ਤੜਪ ਉਠਦੇ ਹਨ।

ਅਸਾੜ ਦਾ ਮਹੀਨਾ ਉਨ੍ਹਾਂ ਵਾਸਤੇ ਤੱਪਦਾ ਹੈ ਜਿਸ ਦੇ ਹਿਰਦੇ ਵਿੱਚ ਵਾਹਿਗੁਰੂ ਜੀ ਦਾ ਵਾਸ ਨਹੀਂ ਹੈ।ਮੰਨ ਲੌ ਅੰਦਰ ਤਪਸ਼ ਹੈ ਝੀਲ ਦੇ ਕਿਨਾਰੇ ਜਾਕੇ ਘਰ ਵਸਾ ਲੌਂ। ਘਰ ਵੀ ਠੰਡੇ ਪਾਣੀ ਵਿੱਚ ਹੋਵੇ ਬੂਹੇ ਬਾਰੀਆਂ ਨੇ ਤੈਨੂੰ ਬਾਹਰੋਂ ਹੀ ਠੰਡਾ ਰਖਣਾ ਹੈ। ਅੰਦਰ ਤਾਂ ਤੇਰੇ ਤਪਸ਼ ਸ਼ਾਂਤੀ ਨਹੀਂ ਮਿਲਣੀ।

ਨਾਮ ਜਪਣ ਨਾਲ ਅੰਦਰ ਵੀ ਸੀਤਲਤਾ ਆ ਜਾਦੀ ਹੈ। ਪਰ ਸਰਤ ਇਹ ਹੈ ਕੀ ਨਾਮ ਜਪਣ ਦੇ ਨਾਲ ਨਿਮਰਤਾ ਵੀ ਹੋਵੇ। ਫਿਰ ਆਸਾੜ ਦਾ ਦਾ ਮਹੀਨਾਂ ਸੀਤਲਤਾ ਪ੍ਰਧਾਨ ਕਰੇਗਾ।

# ਸਟੇਜੀ ਕਵਿਤਾ ਦੇ ਬੇਤਾਜ ਬਾਦਸ਼ਾਹਃ ਸ. ਗੁਰਦਿੱਤ ਸਿੰਘ ਕੁੰਦਨ

ਸਟੇਜੀ ਕਵਿਤਾ ਦੇ ਬੇਤਾਜ ਬਾਦਸ਼ਾਹ ਸ. ਗੁਰਦਿੱਤ ਸਿੰਘ ਕੁੰਦਨ ਦਾ ਜਨਮ 1911 ਈ. ਨੂੰ ਚੱਕ ਨੰ: 67(ਗਿਦੜ ਵਿੰਡੀ) ਤਹਿਸੀਲ ਜੜ੍ਹਾਂ ਵਾਲਾ ਜ਼ਿਲਾ ਲਾਇਲਪੁਰ ਵਿੱਚ ਸ. ਭਾਗ ਸਿੰਘ ਦੇ ਘਰ ਹੋਇਆ ।
ਪੰਜਾਬ ਦੇ ਪ੍ਰਮੁੱਖ ਸਟੇਜੀ ਕਵੀਆਂ ਵਿੱਚੋਂ ਮੰਨੇ ਜਾਂਦੇ ਸਰਦਾਰ ਵਿਧਾਤਾ ਸਿੰਘ ਤੀਰ ਦੇ ਉਹ ਸ਼ਾਗਿਰਦ ਸਨ। ਉਨ੍ਹਾਂ ਦੀ ਕਵਿਤਾ ਦੀ ਰਵਾਨੀ ਕਮਾਲ ਦੀ ਹੈ।
ਉਨ੍ਹਾਂ ਦੀਆਂ ਚਾਰ ਰਚਨਾਵਾਂ ਵਿੱਚ ਚਮਕਣ ਤਾਰੇ, ਅੱਗ ਦਾ ਸਫ਼ਰ, ਲਹੂ ਤੇ ਲਾਟਾਂ ਅਤੇ ਨਵੇਂ ਪੱਤਰ ਹਨ । ਦੇਸ਼ ਵੰਡ ਉਪਰੰਤ ਉਹ ਨਕੋਦਰ ਆਣ ਵੱਸੇ।
ਉਹਨਾਂ ਦੀ ਕਵਿਤਾ ਜੋਸ਼ੀਲੀ ਅਤੇ ਸਟੇਜ ਨੂੰ ਕੀਲਣ ਵਾਲੀ ਹੁੰਦੀ ਸੀ। ਸਿੱਖੀ ਸਿਦਕ, ਸ਼ਹੀਦੀ ਅਤੇ ਗੁਰੂਆਂ ਦੇ ਇਤਿਹਾਸ ਨੂੰ ਬਿਆਨ ਕਰਦੀਆਂ ਸਨ ਕੁੰਦਨ ਜੀ ਦੀਆਂ ਕਵਿਤਾਵਾਂ।
ਉਨ੍ਹਾਂ ਦੀਆਂ ਪ੍ਰਸਿੱਧ ਕਵਿਤਾਵਾਂ ਵਿੱਚ ਸਿੱਖੀ ਸਰੂਪ ਅਤੇ ਸਿਦਕ ਨੂੰ ਸਮਰਪਣ ਹੁੰਦਾ ਸੀ।
ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਸਿੱਖ ਕੌਮ ਦੇ ਬਹਾਦਰੀ ਭਰੇ ਇਤਿਹਾਸ ਅਤੇ ਆਤਮ-ਬਲ ਦਾ ਵੀ ਜ਼ਿਕਰ ਮਿਲਦਾ ਹੈ।
ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਮੈਨੂੰ ਕਿਤਿਉਂ ਵੀ ਕੁੰਦਨ ਜੀ ਦਾ ਜੀਵਨ ਵੇਰਵਾ ਨਹੀਂ ਮਿਲਿਆ। ਪੰਜਾਬੀ ਕਵਿਤਾ ਡਾਟ ਕਾਮ ਵਿੱਚ ਕੁੱਲ ਤਿੰਨ ਕਵਿਤਾਵਾਂ ਹਨ ਜਿੰਨ੍ਹਾਂ ਵਿੱਚੋਂ ਇੱਕ ਕਵਿਤਾ ਤੁਹਾਡੇ ਸਨਮੁੱਖ ਪੇਸ਼ ਕਰ ਰਿਹਾਂ।
ਤਸਵੀਰ ਵੀ ਭਾ ਜੀ ਅਮਰਜੀਤ ਚੰਦਨ ਜੀ ਦੇ ਭੰਡਾਰ ਵਿੱਚੋਂ ਵੀਰ ਡਾ. ਇਮਰੋਜ਼ ਸਿੰਘ ਮਾਨ ਨੇ ਮੰਗਵਾ ਕੇ ਦਿੱਤੀ ਹੈ।
ਜੇ ਕਿਸੇ ਕੌਲ ਉਨ੍ਹਾਂ ਦੀਆਂ ਕਿਤਾਬਾਂ ਹੋਣ ਤਾਂ ਫੋਟੋ ਕਾਪੀ ਕਰਕੇ ਵਟਸਐਪ ਰਾਹੀਂ ਭੇਜਣ ਦੀ ਖੇਚਲ ਕਰਨ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

## ਪੰਜਾਬ ਦੀ ਵਾਰ
ਗੁਰਦਿੱਤ ਸਿੰਘ ਕੁੰਦਨ

(ਇਸ ਵਾਰ ਵਿੱਚ ਦੇਸ਼ ਵੰਡ ਵੇਲੇ (1947) ਦੀ ਤ੍ਰਾਸਦੀ ਦਾ ਬਿਆਨ ਹੈ)



1
ਵਾਹ ਦੇਸ ਪੰਜਾਬ ਪਿਆਰਿਆ, ਤੇਰੀ ਅਜਬ ਕਹਾਣੀ।
ਤੇਰੀ ਪਰਬਤ ਵਰਗੀ ਹਿੱਕ ਵੀ, ਅਜ ਤੀਰਾਂ ਛਾਣੀ।
ਹਰ ਟੁੱਟੀ ਤੰਦ ਸਲੂਕ ਦੀ, ਸਭ ਪਿਲਚੀ ਤਾਣੀ।
ਪਈ ਰੋਂਦੀ ਵਿਚ ਤ੍ਰਿੰਜਣਾਂ, ਤੇਰੀ ਰੀਤ ਪੁਰਾਣੀ।
ਨਹੀਂ ਦੁੱਧ ਭਰੇ ਦਰਿਆ ਵਿਚ, ਇਕ ਬੂੰਦ ਨਿਮਾਣੀ।
ਸ਼ਿੰਗਾਰ ਤੇਰੀ ਪ੍ਰਭਾਤ ਦਾ, ਟੁੱਟ ਗਈ ਮਧਾਣੀ।
ਤੇਰਾ ਸਤਲੁਜ ਕਮਲਾ ਹੋ ਗਿਆ, ਸਣੇ ਰਾਵੀ ਰਾਣੀ।
ਉਹ ਪਿਆਰਾਂ ਭਰੀ ਝਨਾਂ ਦਾ, ਅੱਗ ਹੋ ਗਿਆ ਪਾਣੀ।
ਤੇਰਾ ਸੋਚੀਂ ਪਿਆ ਹਿਮਾਲੀਆ, ਸਦੀਆਂ ਦਾ ਹਾਣੀ।
ਜਿਹਨੂੰ ਕਈਆਂ ਦੁਸ਼ਮਣ ਦਲਾਂ ਦੀ, ਪਈ ਕਬਰ ਬਨਾਣੀ।
ਨ ਸਮੇਂ ਦੇ ਭੋਲੇ ਪਾਤਸ਼ਾਹ,
ਤੂੰ ਕਬਰ ਪਛਾਣੀ।
ਤੈਨੂੰ ਉਨ੍ਹਾਂ ਵੱਢਿਆ ਛਾਂਗਿਆ,
ਛਾਂ ਜਿਨ੍ਹਾਂ ਮਾਣੀ।
ਜਿਹੜੀ ਜੱਲ੍ਹਿਆਂ ਵਾਲੇ ਬਾਗ਼ ਸੀ, ਪਈ ਰੱਤ ਵਹਾਣੀ।
ਇਕ ਵਾਰੀ ਜ਼ਾਲਮ ਸਮੇਂ ਨੇ,
ਕਰ ਦਿੱਤੀ ਪਾਣੀ।
ਤੈਨੂੰ ਸ਼ੇਰਾ ! ਜ਼ਖਮੀ ਕਰ ਗਈ, ਗਿੱਦੜਾਂ ਦੀ ਢਾਣੀ।
ਨਹੀਂ ਭਰਨੇ ਜ਼ਖਮ ਸਰੀਰ ਦੇ,
ਤੇਰੇ ਸਦੀਆਂ ਤਾਣੀ ।1।

2
ਸਾਮਰਾਜੀਆਂ ਡਾਕੂਆਂ,
ਬੇਦਰਦ ਕਸਾਈਆਂ।
ਤੇਰੇ ਗੋਡੇ ਗਿੱਟੇ ਵੱਢ ਕੇ,
ਜੰਜ਼ੀਰਾਂ ਲਾਹੀਆਂ।
ਤੇਰੀ ਪਾਗਲ ਹੋ ਗਈ ਬੀਰਤਾ, ਧੀਰਜ ਦਿਆ ਸਾਂਈਆਂ।
ਤੇਰੇ ਸਾਗਰ ਜਿਹੇ ਸੁਭਾਅ ਵਿਚ, ਚੜ੍ਹ ਕਾਂਗਾਂ ਆਈਆਂ।
ਤੂੰ ਚੁਕੇ ਸੂਰੇ ਫੌਲਾਦ ਦੇ, ਤੇਗ਼ਾਂ ਲਿਸ਼ਕਾਈਆਂ।
ਤੇਰੇ ਆਪਣੇ ਲਹੂ ਵਿਚ ਡੁੱਬੀਆਂ, ਤੇਰੀਆਂ ਚਤੁਰਾਈਆਂ।
ਤੇਰੀ ਅੰਨ੍ਹੀ ਹੋਈ ਅਣਖ ਨੇ, ਲਈਆਂ ਅੰਗੜਾਈਆਂ।
ਤੈਨੂੰ ਆਪਣੀਆਂ ਧੀਆਂ ਜਾਪੀਆਂ, ਇਕ ਵਾਰ ਪਰਾਈਆਂ।
ਤੇਰੇ ਸਾਧੂ ਰਾਕਸ਼ ਬਣ ਗਏ, ਨਜ਼ਰਾਂ ਹਲਕਾਈਆਂ।
ਤੇਰੀ ਸ਼ਾਹ -ਰਗ ਉਤੇ ਹਾਣੀਆਂ, ਛੁਰੀਆਂ ਚਲਵਾਈਆਂ।
ਤੇਰੀ ਖਾਕ ਵਰੋਲੇ ਬਣ ਗਈ,
ਹੋਈ ਵਾਂਗੂ ਸ਼ੁਦਾਈਆਂ।
ਬਣ ਫ਼ਨੀਅਰ ਉਡੇ ਕੱਖ ਵੀ,
ਜਿਉਂ ਉਡਣ ਹਵਾਈਆਂ।
ਜਿਨ੍ਹਾਂ ਸਿਰ ਤੇ ਲੱਖ ਹਨ੍ਹੇਰੀਆਂ, ਬੇਖੌਫ਼ ਲੰਘਾਈਆਂ।
ਉਨ੍ਹਾਂ ਬਾਜ਼ਾਂ ਹਾਰੇ ਹੌਂਸਲੇ,
ਕੂੰਜਾਂ ਕੁਰਲਾਈਆਂ।
ਉਹ ਤੁਰ ਗਏ ਪਾਰ ਸਮੁੰਦਰੋਂ, ਜਿਨ੍ਹਾਂ ਅੱਗਾਂ ਲਾਈਆਂ।
ਉਹ ਘਰ ਘਰ ਪਾ ਗਏ ਪਿੱਟਣੇ, ਥਾਂ ਥਾਂ ਦੁਹਾਈਆਂ ।2।

3
ਤੇਰੇ ਸੂਰਜ ਵਰਗੇ ਤੇਜ ਤੇ,
ਪੈ ਸ਼ਾਮਾਂ ਗਈਆਂ।
ਤੇਰੇ ਧੰਨੀ ਪੋਠੋਹਾਰ ਤੇ,
ਟੁੱਟ ਬਿਜਲੀਆਂ ਪਈਆਂ।
ਅਜ ਸਾਂਦਲ ਬਾਰ ਦੀ ਹਿੱਕ ਤੇ, ਰੁਲ ਹੱਡੀਆਂ ਰਹੀਆਂ।
ਉਹ ਆਪ ਉਜਾੜਿਆ ਮਾਲਵਾ, ਹੱਥੀਂ ਮਲਵਈਆਂ।
ਤੇਰੇ ਦਿਲ ਮਾਝੇ ਨੂੰ ਵਿੰਨ੍ਹਿਆ,
ਫੜ ਨੇਜ਼ੇ ਕਹੀਆਂ।
ਕਰ ਟੁਕੜੇ ਤੇਰੀ ਲਾਸ਼ ਦੇ,
ਪਾ ਵੰਡੀਆਂ ਲਈਆਂ।
ਸਭ ਰਾਸ ਲੁਟਾਈ ਬਾਣੀਆਂ,
ਤੇ ਮੂਲ ਮੁੱਦਈਆਂ।
ਛਡ ਦਿਤੇ ਕਾਅਬੇ ਆਪਣੇ,
ਸਿਖਾਂ ਮਿਰਜ਼ਈਆਂ।
ਦਿਲ ਕੋਲੇ ਹੋਇਆ ਇਨਸਾਨ ਦਾ, ਤੇ ਆਸਾਂ ਢਹੀਆਂ।
ਵਿਚ ਗਿੱਧੇ ਰੋਂਦੀਆਂ ਝਾਜਰਾਂ,
ਕਰ ਚੇਤੇ ਸਈਆਂ।
ਮੈਖ਼ਾਨੇ ਫੂਕੇ ਸਾਕੀਆਂ ਤੇ ਸਾਜ਼ ਗਵਈਆਂ ।3।

4
ਤੇਰੀ ਮੜ੍ਹੀ ਤੇ ਮਹਿਲ ਉਸਾਰਿਆ, ਬੇਤਰਸ ਜ਼ਮਾਨੇ।
ਰਿਹਾ ਮੌਤ ਤੇਰੀ ਨੂੰ ਪਾਲਦਾ, ਉਹ ਅੰਦਰ ਖਾਨੇ।
ਤੈਨੂੰ ਦਿੱਤਾ ਨਰਕ ਫ਼ਰਿਸ਼ਤਿਆਂ, ਸੁਰਗਾਂ ਦੇ ਬਹਾਨੇ।
ਤੇਰੇ ਬਾਗ਼ ਬਹਾਰਾਂ ਆਉਂਦੀਆਂ, ਬਣ ਗਏ ਵੀਰਾਨੇ।
ਸੀ ਇਸ਼ਕ ਜਿਨ੍ਹਾਂ ਦਾ ਉਡਦਾ, ਹੁੰਦਾ ਅਸਮਾਨੇ।
ਪਰ ਸੜਗੇ ਉਡਿਆ ਜਾਏ ਨਾ ਤੜਫਣ ਪਰਵਾਨੇ।
ਸੁਣ ਸੁਣ ਕੇ ਤੇਰੀ ਰੂਹ ਦੇ, ਦਿਲ-ਜਲੇ ਤਰਾਨੇ।
ਕਈ ਕੋਇਲੇ ਹੁੰਦੇ ਜਾ ਰਹੇ, ਅਣਮੁੱਲ ਖਜ਼ਾਨੇ।
ਗਈਆਂ ਵੰਡੀਆਂ 'ਸ਼ਰਫ਼ ਨਿਸ਼ਾਨੀਆਂ' ਤੇ 'ਨਵੇਂ ਨਿਸ਼ਾਨੇ'।
ਹੋਇ ਵਾਘਿਓਂ ਪਾਰ ਉਰਾਰ ਦੇ, ਸਭ ਗੀਤ ਬੇਗਾਨੇ।
ਰੱਬ ਪਾਸਾ ਐਸਾ ਪਰਤਿਆ,
ਹੋ ਕੇ ਦੀਵਾਨੇ।
ਬੁਤਖਾਨੇ ਕਾਅਬੇ ਬਣ ਬਏ, ਕਾਅਬੇ ਬੁਤਖਾਨੇ।
ਪੀ ਨਾਨਕ ਦੇ ਮੈਖਾਨਿਓਂ,
ਹੋ ਕੇ ਮਸਤਾਨੇ।
ਜਿਹੜੀ ਸਾਂਝ ਵਿਖਾਈ ਜਗ ਨੂੰ, ਬਾਲੇ ਮਰਦਾਨੇ।
ਗੁਰੂ ਅਰਜਨ ਮੀਆਂ ਮੀਰ ਦੇ, ਟੁਟ ਗਏ ਯਰਾਨੇ।
ਉਹ ਸੂਰਜ ਜਿਹੀਆਂ, ਹਕੀਕਤਾਂ, ਬਣੀਆਂ ਅਫ਼ਸਾਨੇ। ।4।

5
ਉਹ ਲੰਮੀਆਂ ਦਰਦ ਕਹਾਣੀਆਂ, ਤੇ ਪੰਧ ਲੰਮੇਰੇ।
ਤੇਰੇ ਰਾਹ ਵਿਚ ਕੰਡੇ ਦੁਸ਼ਮਣਾਂ, ਬੇਅੰਤ ਖਲੇਰੇ।
ਪਰ ਰਾਹੀਆ ਤੁਰਿਆ ਚੱਲ ਤੂੰ, ਕਰ ਲੰਮੇ ਜੇਰੇ।
ਬੰਗਾਲ ਜਿਹੇ ਹੋਰ ਵੀ ਮਿਲਣਗੇ, ਤੈਨੂੰ ਸਾਥ ਬਥੇਰੇ।
ਅਜ ਜਾਗ ਰਹੀ ਏ ਜ਼ਿੰਦਗੀ,
ਤੇਰੇ ਚਾਰ ਚੁਫੇਰੇ।
ਬਣ ਚਾਨਣ ਰਹੇ ਜਹਾਨ ਦਾ, ਕਬਰਾਂ ਦੇ ਨ੍ਹੇਰੇ।
ਕਈ ਨਵੇਂ ਭੁਚਾਲ ਲਿਆਉਣਗੇ, ਇਹ ਹੌਕੇ ਤੇਰੇ।
ਬਣ ਜਾਣੇ ਇਕ ਦਿਨ ਬਿਜਲੀਆਂ, ਤੇਰੇ ਅੱਥਰੂ ਕੇਰੇ।
ਮਿਟ ਜਾਣੇ ਨਵੀਂ ਤਾਰੀਖ਼ ਤੋਂ,
ਸਭ ਖ਼ੂਨੀ ਡੇਰੇ।
ਅਜ ਸੂਰਜ ਵਾਂਙ ਅਟੱਲ ਨੇ,
ਇਹ ਦਾਅਵੇ ਮੇਰੇ।
ਪਲ਼ ਰਹੇ ਰਾਤਾਂ ਕਾਲੀਆਂ 'ਚ, ਕਈ ਨਵੇਂ ਸਵੇਰੇ।

# ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਮੋਹਰੀ : ਰਕਸ਼ੰਦਾ ਸ਼ਰਮਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 14 ਜੂਨ : ਮੋਗਾ-ਕੋਟਕਪੂਰਾ ਰੋਡ 'ਤੇ ਪਿੰਡ ਪੰਜਗਰਾਈ ਕਲਾਂ ਨੇੜੇ ਸਥਿਤ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੀ ਚੇਅਰਪਰਸਨ ਮੈਡਮ ਰਕਸ਼ੰਦਾ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਗੁਣਵੱਤਾਪੂਰਨ ਸਿੱਖਿਆ ਦੇ ਨਾਲ-ਨਾਲ ਵੱਖ-ਵੱਖ ਸਹਿ-ਪਾਠਕ੍ਰਮ ਗਤੀਵਿਧੀਆਂ ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਜਾ ਰਿਹਾ ਹੈ। ਸਕੂਲ ਵਿੱਚ ਆਧੁਨਿਕ ਅਤੇ ਐਕਟੀਵਿਟੀ-ਆਧਾਰਿਤ ਸਿੱਖਣ ਪ੍ਰਣਾਲੀ ਰਾਹੀਂ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਿਆ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀ ਰਚਨਾਤਮਕ ਸੋਚ ਅਤੇ ਸਿੱਖਣ ਦੀ ਸਮਰੱਥਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਖੇਡਾਂ, ਕਲਾ ਪ੍ਰਦਰਸ਼ਨ, ਭਾਸ਼ਣ ਮੁਕਾਬਲਿਆਂ, ਵਿਗਿਆਨਕ ਪ੍ਰੋਜੈਕਟਾਂ ਅਤੇ ਹੋਰ ਰਚਨਾਤਮਕ ਅਤੇ ਮਨੋਰੰਜਕ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਹਾਲ ਹੀ ਵਿੱਚ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ ਦੌਰਾਨ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਅਧਿਆਪਕਾਂ ਅਤੇ ਮਾਪਿਆਂ ਨੂੰ ਪ੍ਰਭਾਵਿਤ ਕੀਤਾ। ਚੇਅਰਪਰਸਨ ਰਕਸ਼ੰਦਾ ਸ਼ਰਮਾ ਨੇ ਕਿਹਾ ਕਿ ਸੰਸਥਾ ਦਾ ਮਕਸਦ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਤੱਕ ਸੀਮਿਤ ਰੱਖਣਾ ਨਹੀਂ, ਸਗੋਂ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ, ਲੀਡਰਸ਼ਿਪ ਸਮਰੱਥਾ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਮਾਪਿਆਂ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਸਕੂਲ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਬੱਚਿਆਂ ਦੀ ਸ਼ਖਸੀਅਤ ਨਿਰਮਾਣ ਅਤੇ ਉੱਜਵਲ ਭਵਿੱਖ ਦੀ ਮਜ਼ਬੂਤ ਨੀਂਹ ਰੱਖਦੀਆਂ ਹਨ।

# ਤਾਜ ਪਬਲਿਕ ਸਕੂਲ ਵਿਖੇ ਬਾਸਕਿਟਬਾਲ ਲੀਗ 2026 ਸ਼ਾਨਦਾਰ ਢੰਗ ਨਾਲ ਹੋਈ ਸੰਪੂਰਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਫਰੀਦਕੋਟ/ਕੋਟਕਪੂਰਾ, 14 ਜੂਨ : ਤਾਜ ਪਬਲਿਕ ਸਕੂਲ, ਜੰਡ ਸਾਹਿਬ ਵਿਖੇ ਬਾਸਕਿਟਬਾਲ ਲੀਗ 2026 ਬੜੇ ਹੀ ਸੁਚੱਜੇ ਢੰਗ ਨਾਲ ਸੰਪੂਰਨ ਹੋਈ। ਇਸ ਬਾਸਕਟਬਾਲ ਲੀਗ ਵਿੱਚ ਪੰਜਾਬ ਦੇ ਮਸ਼ਹੂਰ ਐਥਲੇਟਿਕਸ ਅਤੇ ਕਬੱਡੀ ਕੋਚ ਪਿੰਕਾ ਜਰਗ ਨੇ ਵੀ ਸ਼ਿਰਕਤ ਕੀਤੀ ਅਤੇ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੀ ਨੇ ਵੀ ਇਹਨਾਂ ਮੈਚਾਂ ਦਾ ਆਨੰਦ ਮਾਨਿਆ। ਇਹ ਬਾਸਕਟਬਾਲ ਲੀਗ ਵੱਖ ਵੱਖ ਜਿਲ੍ਹਿਆਂ ਵਿੱਚ ਕਰਵਾਈ ਜਾਂਦੀ ਹੈ। ਇਸ ਵਾਰ ਇਹ ਲੀਗ ਜਿਲ੍ਹਾ ਫਰੀਦਕੋਟ ਦੇ ਤਾਜ ਪਬਲਿਕ ਸਕੂਲ, ਜੰਡ ਸਾਹਿਬ ਵਿਖੇ ਕਰਵਾਈ ਗਈ। ਇਸ ਲੀਗ ਵਿੱਚ ਪੰਜਾਬ ਸਟੇਟ ਦੇ ਨੈਸ਼ਨਲ ਲੈਵਲ ਦੇ ਖਿਡਾਰੀਆਂ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ। ਇਹਨਾਂ ਟੀਮਾਂ ਦੇ ਮੈਚ ਬਹੁਤ ਹੀ ਟੱਕਰ ਦੇ ਮੁਕਾਬਲੇ ਦੇਖਣ ਨੂੰ ਮਿਲੇ। ਇਨ੍ਹਾਂ ਮੈਚਾਂ ਦਾ ਦਰਸ਼ਕਾਂ ਨੇ ਬਹੁਤ ਅਨੰਦ ਮਾਨਿਆ। ਜਿਸ ਵਿੱਚ ਦੁਆਬਾ ਅਤੇ ਪੁਆਧ (ਲੜਕੀਆਂ) ਵਿੱਚ ਵਿਚਕਾਰ ਟੱਕਰ ਦਾ ਮੁਕਾਬਲਾ ਹੋਇਆ। ਇਸ ਮੈਚ ਵਿੱਚ ਪੁਆਧ ਦੀ ਟੀਮ ਨੇ ਆਪਣਾ ਚੰਗਾ ਪ੍ਰਰਦਸ਼ਨ ਕਰਦੇ ਹੋਇਆ 45/55 ਪੁਆਇਟ ਦੇ ਫਰਕ ਨਾਲ ਮੈਚ ਨੂੰ ਆਪਣੇ ਕਬਜ਼ੇ ਵਿੱਚ ਵਿੱਚ ਲੈ ਲਿਆ। ਜਿਸ ਵਿੱਚ ਪੁਆਧ ਦੀ ਟੀਮ ਦੀ ਖਿਡਾਰਨ ਚੰਦਾ ਅਤੇ ਫਰੀਦਕੋਟ ਦੇ ਪਿੰਡ ਬਾਹਮਣਾ ਵਾਲੇ ਦੀ ਖਿਡਾਰਨ ਨਵਰੀਤ ਬਰਾੜ ਨੇ ਬਹੁਤ ਹੀ ਚੰਗਾ ਪ੍ਰਦਰਸ਼ਨ ਕੀਤਾ। ਜਿਸ ਕਰਕੇ ਇਸ ਖਿਡਾਰਨ ਨੂੰ 10,000/- ਦਾ ਕੈਸ਼ ਇਨਾਮ ਸਕੂਲ ਦੇ ਚੇਅਰਮੈਨ ਹਰਪ੍ਰੀਤ ਸਿੰਘ ਸੰਧੂ ਵੱਲੋਂ ਦਿੱਤਾ ਗਿਆ। ਮਾਝਾ ਅਤੇ ਦੁਆਬਾ (ਲੜਕੇ) ਦੀਆਂ ਟੀਮਾਂ ਵਿੱਚ ਜਬਰਦਸਤ ਟੱਕਰ ਦਾ ਮੈਚ ਖੇਡਿਆ ਗਿਆ। ਇਸ ਮੈਚ ਵਿੱਚ 65/70 ਦੇ ਫਰਕ ਨਾਲ ਮਾਝਾ ਦੀ ਟੀਮ ਨੇ ਮੈਚ ਨੂੰ ਆਪਣੇ ਹੱਕ ਵਿੱਚ ਕਰ ਲਿਆ। ਅੰਤਰਰਾਸ਼ਟਰੀ ਲੈਵਲ ਦੇ ਖਿਡਾਰੀ ਫਤਹਿ ਸਿੰਘ ਢਿੱਲੋਂ ਨੇ ਆਪਣੀ ਖੇਡ ਦਾ ਚੰਗਾ ਪ੍ਰਦਰਸ਼ਨ ਕਰਕੇ ਆਪਣੀ ਟੀਮ ਨੂੰ ਜਿਤਾਇਆ। ਫਤਿਹ ਸਿੰਘ ਢਿੱਲੋਂ ਨੂੰ ਵੀ ਸਕੂਲ ਦੇ ਚੇਅਰਮੈਨ ਹਰਪ੍ਰੀਤ ਸਿੰਘ ਸੰਧੂ ਵੱਲੋਂ 10,000/ ਦਾ ਨਗਦ ਇਨਾਮ ਦਿੱਤਾ ਗਿਆ। ਸਕੂਲ ਦੇ ਚੇਅਰਮੈਨ ਹਰਪ੍ਰੀਤ ਸਿੰਘ ਸੰਧੂ ਨੇ ਜੇਤੂ ਖਿਡਾਰੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਆਪਣੇ ਆਉਣ ਵਾਲੇ ਭਵਿੱਖ ਨੂੰ ਹੋਰ ਨਿਖਾਰਨ ਲਈ ਪ੍ਰੇਰਿਆ। ਖਿਡਾਰੀਆਂ ਦੇ ਠਹਿਰਨ ਲਈ ਵੀ ਬਹੁਤ ਵਧੀਆ ਪ੍ਰਬੰਧ ਵੀ ਕੀਤਾ ਗਿਆ। ਇਸ ਸਮੇਂ ਸਕੂਲ ਦੇ ਚੇਅਰਮੈਨ ਹਰਪ੍ਰੀਤ ਸਿੰਘ ਸੰਧੂ, ਜਗਮੀਤ ਸਿੰਘ ਸੰਧੂ, ਪ੍ਰਿੰਸੀਪਲ ਡਾ. ਰਜਿੰਦਰ ਕਸ਼ਯਪ, ਚੇਅਰਪਰਸਨ ਮੈਡਮ ਰਮਨਦੀਪ ਕੌਰ ਸੰਧੂ, ਮੈਡਮ ਸ਼ਮਨਪ੍ਰੀਤ ਕੌਰ ਸੰਧੂ, ਪੰਜਾਬ ਦੇ ਮਸ਼ਹੂਰ ਐਥਲੇਟਿਕ ਕੋਚ ਪਿੰਕਾ ਜਰਗ, ਐਸ.ਐਚ.ਓ. ਗੁਰਲਾਲ ਸਿੰਘ, ਰਾਜਵੀਰ ਸਿੰਘ ਮਹਿਮੂਆਣਾ, ਅਮਨਦੀਪ ਸਿੰਘ ਬਾਬਾ (ਚੇਅਰਮੈਨ ਮਾਰਕਿਟ ਕਮੇਟੀ, ਫਰੀਦਕੋਟ), ਬਾਸਕਿਟਬਾਲ ਕੋਚ ਮੈਡਮ ਪ੍ਰੀਤੀ, ਕ੍ਰਿਕਟ ਕੋਚ ਪ੍ਰਦੀਪ ਟੰਡਨ (ਅਖਤਰ), ਹਾਕੀ ਕੋਚ ਰਵਿੰਦਰ ਸਿੰਘ, ਕਰਨੈਲ ਸਿੰਘ ਅਤੇ ਸਮੂਹ ਸਟਾਫ ਵੀ ਹਾਜ਼ਰ ਸੀ।

# ਕਿਸਾਨਾਂ ਅਤੇ ਮਜਦੂਰਾਂ ਨੂੰ ਗ੍ਰਿਫਤਾਰ ਕਰਨ ਤੇ ਆਜ਼ਾਦ ਕਿਸਾਨ ਮੋਰਚਾ ਪੰਜਾਬ ਵਲੋਂ ਸਖਤ ਨਿਖੇਧੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 14 ਜੂਨ : ਭਾਰਤੀ ਜਨਤਾ ਪਾਰਟੀ ਵਲੋਂ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਸਰਵ ਸਮਾਜ ਓਬੀਸੀ ਰੈਲੀ ਰੱਖੀ ਗਈ। ਇਸ ਰੈਲੀ ਦੇ ਮੁੱਖ ਮਹਿਮਾਨਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਰੈਲੀ ਦੀ ਪ੍ਰਧਾਨਗੀ ਰਣਬੀਰ ਸਿੰਘ ਗੰਗਵਾ ਭਵਨ ਅਤੇ ਨਿਰਮਾਣ ਮੰਤਰੀ ਹਰਿਆਣਾ ਸਨ। ਇਸ ਰੈਲੀ ਵਿੱਚ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿਲੋਂ, ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ, ਸੰਦੀਪ ਕੁਮਾਰ ਜਾਖੜ ਵਿਧਾਇਕ ਅਬੋਹਰ ਅਤੇ ਭਾਜਪਾ ਦੇ ਸੀਨੀਅਰ ਆਗੂ ਪਹੁੰਚੇ ਹੋਏ ਸਨ। ਆਜ਼ਾਦ ਕਿਸਾਨ ਮੋਰਚਾ ਪੰਜਾਬ ਦੇ ਪ੍ਰਧਾਨ ਚੌਧਰੀ ਮਨੋਜ ਕੁਮਾਰ ਗੋਦਾਰਾ ਦੀ ਅਗਵਾਈ ਵਿਚ ਪੰਜਾਬ ਆ ਰਹੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਕਾਲੀਆਂ ਝੰਡੀਆਂ ਦਿਖਾ ਕੇ ਸ਼ਾਂਤ ਮਈ ਵਿਰੋਧ ਕੀਤਾ ਜਾਣਾ ਸੀ ਪਰ ਪੁਲਿਸ ਪ੍ਰਸਾਸ਼ਨ ਵਲੋਂ ਇਕੱਠੇ ਹੋਏ ਸੈਂਕੜੇ ਕਿਸਾਨਾਂ ਅਤੇ ਮਜਦੂਰਾਂ ਨੂੰ ਹਿਰਾਸਤ ਵਿੱਚ ਲੈਕੇ ਥਾਣਾ ਬਹਾਵ ਵਾਲਾ ਵਿਖ਼ੇ ਬੰਦ ਕਰ ਦਿੱਤਾ ਗਿਆ।ਕਿਸਾਨ ਅਤੇ ਮਜਦੂਰਾਂ ਦੀ ਨਾਜਾਇਜ਼ ਤੌਰ ਤੇ ਹਿਰਾਸਤ ਵਿੱਚ ਲੈਣ ਤੇ ਚੌਧਰੀ ਮਨੋਜ ਕੁਮਾਰ ਗੋਦਾਰਾ ਵਲੋਂ ਸਖਤ ਨਿਖੇਦੀ ਕੀਤੀ ਗਈ। ਕਿਸਾਨਾਂ ਅਤੇ ਮਜਦੂਰਾਂ ਨੂੰ ਨਾਜਾਇਜ ਤੌਰ ਤੇ ਹਿਰਾਸਤ ਵਿੱਚ ਲੈਣ ਤੇ ਚੌਧਰੀ ਮਨੋਜ ਕੁਮਾਰ ਗੋਦਾਰਾ ਨੇ ਕਿਹਾ ਕਿ 700 ਕਿਸਾਨਾਂ ਦੀ ਕਾਤਲ ਭਾਰਤੀ ਜਨਤਾ ਪਾਰਟੀ ਦਾ ਹਰੇਕ ਮੰਚ ਤੇ ਵਿਰੋਧ ਕੀਤਾ ਜਾਵੇਗਾ। ਚੌਧਰੀ ਮਨੋਜ ਕੁਮਾਰ ਗੋਦਾਰਾ ਨੇ ਦੱਸਿਆ ਕਿ ਓਹ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਤੋਂ ਪੁੱਛਣਾ ਚਾਹੁੰਦੇ ਹਨ ਕਿ ਭਾਜਪਾ ਦਵਾਰਾ ਚੱਲ ਰਹੀ ਕੇਂਦਰ ਸਰਕਾਰ ਵਲੋਂ ਅੱਜ ਤੱਕ ਇੱਕ ਰੈਂਕ ਇੱਕ ਪੈਨਸ਼ਨ ਲਾਗੂ ਕਿਓਂ ਨਹੀਂ ਕੀਤੀ? ਦਿੱਲੀ ਜਾ ਰਹੇ ਕਿਸਾਨਾਂ ਨੂੰ ਹਰਿਆਣਾ ਦੇ ਬਾਰਡਰਾਂ ਤੇ ਕਿਓਂ ਰੋਕਿਆ ਗਿਆ? ਫਿਟਮੈਂਨ ਫੈਕਟਰ ਅਨੁਸਾਰ ਅਧਿਕਾਰੀ/ਅਫ਼ਸਰ ਅਤੇ ਸੈਨਿਕਾਂ ਵਿੱਚ ਭਤਿਆਂ ਵਿੱਚ ਅਨੁਪਾਤਕ ਫਰਕ ਕਿਓਂ ਰੱਖਿਆ ਗਿਆ ਹੈ। ਪੰਜਾਬ ਦੇ ਕਿਸਾਨਾਂ ਨੂੰ ਅੱਤਵਾਦੀ, ਵੱਖਵਾਦੀ, ਖਾਲਿਸਤਾਨੀ ਸੰਗਿਆ ਦੇਣ ਵਾਲੇ ਭਾਜਪਾ ਦੇ ਲੀਡਰ ਅੱਜ ਕਿਹੜੇ ਮੂੰਹ ਨਾਲ ਪੰਜਾਬ ਤੇ ਰਾਜ ਕਰਨ ਦੀਆਂ ਗੱਲਾਂ ਕਰ ਰਹੇ ਹਨ, ਕੀ ਪੰਜਾਬੀ ਹੁਣ ਪਾਕਿਸਤਾਨੀ, ਅੱਤਵਾਦੀ, ਵੱਖਵਾਦੀ ਨਹੀਂ ਹਨ? ਕੇਂਦਰ ਸਰਕਾਰ ਦੇਸ਼ ਦੇ ਕਿਸਾਨਾਂ ਨਾਲ ਐਮ ਐਸ ਪੀ ਲਾਗੂ ਕਰਨ ਦਾ ਵਾਇਦਾ ਕਰਕੇ ਕਿਓਂ ਮੁਕਰੀ, ਅਜੇ ਤੱਕ ਐਮ ਐਸ ਪੀ ਲਾਗੂ ਕਿਓਂ ਨਹੀਂ ਕੀਤਾ ?ਸੈਨਿਕਾਂ ਤੇ ਹੋਏ ਪੁਲਵਾਮਾ ਅਟੈਕ ਵਿੱਚ ਸ਼ਹੀਦ ਹੋਏ ਸੈਨਿਕਾ ਤੇ ਹਮਲਾ ਕਿਸ ਨੇ ਕੀਤਾ, ਦੋਸ਼ੀ ਗ੍ਰਿਫਤਾਰ ਕਿਓਂ ਨਹੀਂ ਕੀਤੇ? ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਕਿਓਂ ਨਹੀਂ ਸੌਂਪੀ ਗਈ? ਇਸ ਮੌਕੇ ਬੋਲਦਿਆਂ ਗੁਰਮੀਤ ਸਿੰਘ ਪਰਾਜਪਤੀ ਜਿਲ੍ਹਾ ਪ੍ਰਧਾਨ ਫ਼ਾਜਿਲਕਾ ਨੇ ਦੱਸਿਆ ਕਿ ਅਬੋਹਰ ਵਿੱਚ ਭਾਰਤੀ ਜਨਤਾ ਪਾਰਟੀ ਵਲੋਂ ਰੱਖੀ ਰੈਲੀ ਦਾ ਨਾਮ ਓਬੀਸੀ ਰੈਲੀ ਰੱਖਿਆ ਗਿਆ ਸੀ ਪਰ ਰੈਲੀ ਨੂੰ ਸੰਬੋਧਨ ਕਰਨ ਵਾਲੇ ਨਾਇਬ ਸਿੰਘ ਸੈਣੀ ਸਮੇਤ ਕਿਸੇ ਵੀ ਭਾਜਪਾ ਆਗੂ ਵਲੋਂ ਓਬੀਸੀ ਵਰਗ ਦੀ ਭਲਾਈ ਲਈ ਇੱਕ ਸ਼ਬਦ ਵੀ ਮੂੰਹੋਂ ਨਹੀਂ ਬੋਲਿਆ। ਇਸਤੋਂ ਸਾਫ ਝਲਕ ਰਿਹਾ ਸੀ ਕਿ ਇਸ ਰੈਲੀ ਦਾ ਨਾਂ ਓਬੀਸੀ ਵਰਗ ਨੂੰ ਗੁੰਮਰਾਹ ਕਰਨ ਲਈ ਰੱਖਿਆ ਗਿਆ ਸੀ। ਗ੍ਰਿਫ਼ਤਾਰੀ ਦੇਣ ਵਾਲੇ ਕਿਸਾਨਾਂ ਵਿੱਚ ਅਵਤਾਰ ਸਿੰਘ ਸਰਕਲ ਪ੍ਰਧਾਨ, ਬਲਕਰਨ ਸਿੰਘ ਪਟੀ ਸਦੀਕ, ਜਸਵੀਰ ਸਿੰਘ ਗੁਨਾ ਸਰਕਲ ਪ੍ਰਧਾਨ ਆਜ਼ਮ ਵਾਲਾ, ਸੁਦੇਸ਼ ਸਿਆਗ, ਅਮਿਤ ਕੁਮਾਰ, ਪਵਨ ਬਿਸ਼ਨੋਈ, ਸੈਸ਼ਕਰਨ ਗਿਲਾ, ਜਗਦੇਵ ਸਿੰਘ, ਸ਼ਕੀਲਾ, ਸੁਭਾਸ਼ ਭਾਗਸਰ, ਬਲਵਿੰਦਰ ਸਿੰਘ ਦੂਲਾ ਮੱਠਾੜੂ ਪ੍ਰਧਾਨ ਕਿੱਕਰ ਖੇੜਾ, ਪ੍ਰਹਿਲਾਦ ਮੇਘਵਾਲ, ਰਜਿੰਦਰ ਸ਼ਾਕਿਆ, ਮਾਸਟਰ ਰਾਮ ਚੰਦਰ ਸ਼ਾਕਿਆ ਅਤੇ ਹੋਰ ਸੈਂਕੜੇ ਕਿਸਾਨ ਅਤੇ ਮਜਦੂਰ ਸ਼ਾਮਲ ਸਨ।